# 9

# ਨਵਾਂ ਨੇਮ-ਪੂਰੀ ਮਾਫ਼ੀ
## (ਇਬਰਾਨੀਆਂ 10:19-22)

ਬਾਈਬਲ ਵਿਚ ਸੀਨੈ ਪਹਾੜ 'ਤੇ ਸ਼ਰ੍ਹਾ ਦਿੱਤੇ ਜਾਣ ਤੋਂ ਪਹਿਲਾਂ ਪਾਪਾਂ ਬਾਰੇ ਬਹੁਤ ਬਹੁਤਾ ਨਹੀਂ ਦੱਸਿਆ ਗਿਆ ਹੈ। ਕੁਰਬਾਨੀਆਂ ਚੜ੍ਹਾਈਆਂ ਜਾਂਦੀਆਂ ਸਨ, ਪਰ ਉਨ੍ਹਾਂ ਕੁਰਬਾਨੀਆਂ ਦਾ ਸਹੀ-ਸਹੀ ਮਕਸਦ ਜ਼ਾਹਿਰ ਨਹੀਂ ਕੀਤਾ ਗਿਆ ਸੀ। ਕਇਨ ਅਤੇ ਹਾਬਲ ਦੀਆਂ ਕੁਰਬਾਨੀਆਂ (ਉਤਪਤ 4:3, 4) ਪਾਪ ਲਈ ਹੋਮ ਬਲੀਆਂ ਹੋ ਸਕਦੀਆਂ ਹਨ, ਪਰ ਉਹ ਸ਼ੁਕਰਗੁਜ਼ਾਰੀ ਜਾਂ ਖੁਸ਼ੀ ਦੀਆਂ ਭੇਂਟਾਂ ਵੀ ਹੋ ਸਕਦੀਆਂ ਸਨ (ਲੇਵੀਆਂ 7:12,16)। ਨੂਹ (ਉਤਪਤ 8:20), ਅਬਰਾਹਾਮ (ਉਤਪਤ 22:13), ਯਾਕੂਬ (ਉਤਪਤ 31:54; 46:1); ਅਤੇ ਯਿਥਰੋ (ਕੂਚ 18:12) ਦੀਆਂ ਕੁਰਬਾਨੀਆਂ ਹੋਮ ਬਲੀਆਂ ਨਾ ਹੋਣ, ਪਰ ਅਸੀਂ ਜਾਣਦੇ ਹਾਂ ਕਿ ਆਪਣੇ ਬੱਚਿਆਂ ਲਈ ਅੱਯੂਬ ਵੱਲੋਂ ਦਿੱਤੀਆਂ ਕੁਰਬਾਨੀਆਂ ਪਾਪ ਬਲੀਆਂ ਹੀ ਸਨ (ਅੱਯੂਬ 1:15)।

### ਸ਼ਰ੍ਹਾ ਅਧੀਨ ਮਾਫ਼ੀ

ਸ਼ਰ੍ਹਾ ਵਿਚ ਖ਼ਤਰਨਾਕ ਪਾਪਾਂ ਦੀ ਸਜ਼ਾ ਮੌਤ ਸੀ।

> ਜਿਹੜਾ ਪ੍ਰਾਣੀ ਜ਼ਬਰਦਸਤੀ ਕੁਝ ਕਰੇ, ਭਾਵੇਂ ਦੇਸੀ ਭਾਵੇਂ ਪਰਦੇਸੀ, ਉਹ ਯਹੋਵਾਹ ਦੇ ਵਿਰੁੱਧ ਕੁਫ਼ਰ ਬਕਦਾ ਹੈ। ਉਹ ਪ੍ਰਾਣੀ ਆਪਣਿਆਂ ਲੋਕਾਂ ਵਿੱਚੋਂ ਛੇਕਿਆ ਜਾਵੇ। ਏਸ ਲਈ ਭਈ ਉਸ ਨੇ ਯਹੋਵਾਹ ਦੀ ਬਾਣੀ ਦੀ ਹਾਨੀ ਕੀਤੀ ਅਤੇ ਉਸਦਾ ਹੁਕਮ ਤੋੜਿਆ ਹੈ, ਉਹ ਪ੍ਰਾਣੀ ਜਰੂਰ ਹੀ ਛੇਕਿਆ ਜਾਵੇ। ਉਸ ਦੀ ਘੇਸ ਉਸ ਦੇ ਉੱਤੇ ਹੋਵੇਗੀ (ਗਿਣਤੀ 15:30, 31)।

ਅਸੀਂ ਪੜ੍ਹਦੇ ਹਾਂ, ''ਜਿਸ ਕਿਸੇ ਨੇ ਮੂਸਾ ਦੀ ਸ਼ਰ੍ਹਾ ਦੀ ਟਾਲਨਾ ਕੀਤੀ ਹੋਵੇ ਉਹ ਦੋ ਜਾਂ ਤਿੰਨ ਗਵਾਹਾਂ ਦੀ ਗਵਾਹੀ ਨਾਲ ਬਿਨਾ ਤਰਸ ਕੀਤਿਆਂ ਮਾਰਿਆ ਜਾਂਦਾ ਹੈ'' (ਇਬਰਾਨੀਆਂ 10:28)। ਇਸਦੀ ਉਲੰਘਣਾ ਕਰਨ ਵਾਲੇ ਨਾਲ ਰਹਿਮ ਨਹੀਂ ਵਿਖਾਇਆ ਜਾਂਦਾ ਸੀ ਅਤੇ ਸਜ਼ਾ ਤੋਂ ਬਚਣ ਲਈ ਕਿਸੇ ਤਰ੍ਹਾਂ ਦੀ ਕੀਮਤ ਚੁਕਾਉਣ ਦੀ ਇਜਾਜ਼ਤ ਨਹੀਂ ਸੀ। ਕਤਲ ਦੀ ਸਜ਼ਾ ਬਾਰੇ ਸ਼ਰ੍ਹਾ ਵਿਚ ਲਿਖਿਆ ਹੋਇਆ ਸੀ, ''ਤੁਸੀਂ ਕਿਸੇ ਖ਼ੂਨੀ ਦੀ ਜਾਨ ਦਾ ਜੁਰਮਾਨਾ ਨਾ ਲਿਓ ਜੋ ਮੌਤ ਦਾ ਦੋਸ਼ੀ ਹੋਵੇ। ਉਹ ਜ਼ਰੂਰ ਹੀ ਮਾਰਿਆ ਜਾਵੇ'' (ਗਿਣਤੀ 35:31)।

#### ਪਾਪ ਲਈ ਕੁਰਬਾਨੀ

ਗਿਣਤੀ 15 ਅਨੁਸਾਰ ਅਣਜਾਣੇ ਵਿਚ ਹੁਕਮ ਤੋੜਨ ਵਾਲੇ ਲੋਕ ਮਾਫ਼ੀ ਲਈ ਕੁਰਬਾਨੀ ਦੇ ਸਕਦੇ ਸਨ। ਖ਼ੁਦਾ ਨੇ ਉਨ੍ਹਾਂ ਨੂੰ ਦੱਸਿਆ ਸੀ:

> ਜਦ ਤੁਸੀਂ ਭੁੱਲੋ ਅਤੇ ਇਹ ਸਾਰੇ ਹੁਕਮ ਪੂਰੇ ਨਾ ਕਰੋ ਜਿਹੜੇ ਯਹੋਵਾਹ ਮੂਸਾ ਨੂੰ ਬੋਲਿਆ ਹੈ। ਅਰਥਾਤ ਜੋ ਕੁਝ ਯਹੋਵਾਹ ਨੇ ਮੂਸਾ ਦੇ ਰਾਹੀਂ ਤੁਹਾਨੂੰ ਹੁਕਮ ਦਿੱਤਾ ਸੀ ਜਿਸ ਦਿਨ ਤੋਂ ਯਹੋਵਾਹ ਨੇ ਹੁਕਮ ਦਿੱਤਾ ਉਸ ਤੋਂ ਅੱਗੇ ਤੁਹਾਡੀ ਪੀੜ੍ਹੀਓਂ ਪੀੜ੍ਹੀ। ਤਾਂ ਇਉਂ ਜੇ ਉਹ ਭੁੱਲ ਕੇ ਮੰਡਲੀ ਦੀਆਂ ਅੱਖਾਂ ਤੋਂ ਪਰੋਖੇ ਕੀਤਾ ਗਿਆ ਹੋਵੇ ਤਾਂ ਤਾਂ ਸਾਰੀ ਮੰਡਲੀ ਇੱਕ ਵਹਿੜਾ ਹੋਮ ਦੀ ਬਲੀ ਲਈ ਚੜ੍ਹਾਵੇ ਜਿਹੜੀ ਯਹੋਵਾਹ ਲਈ ਸੁਗੰਧਤਾ ਹੋਵੇ ਉਸ ਦੀ ਮੈਦੇ ਦੀ ਭੇਟ ਅਤੇ ਪੀਣ ਦੀ ਭੇਟ ਸਣੇ ਕਾਨੂੰਨ ਦੇ ਅਨੁਸਾਰ ਨਾਲੇ ਪਾਪ ਦੀ ਬਲੀ ਲਈ ਇੱਕ ਬਕਰਾ। ਫਿਰ ਯਾਜਕ ਇਸਰਾਏਲੀਆਂ ਦੀ ਸਾਰੀ ਮੰਡਲੀ ਲਈ ਪਰਾਸਚਿਤ ਕਰੇ ਤਾਂ ਓਹ ਮਾਫ਼ ਕੀਤੇ ਜਾਣਗੇ ਕਿਉਂ ਜੋ ਉਹ ਭੁੱਲ ਸੀ, ਓਹ ਆਪਣਾ ਅੱਗ ਦਾ ਚੜ੍ਹਾਵਾ ਅਤੇ ਪਾਪ ਦੀ ਬਲੀ ਆਪਣੀ ਭੁੱਲ ਲਈ ਯਹੋਵਾਹ ਅੱਗੇ ਲਿਆਵੇ। ... ਨਾਲੇ ਉਹ ਪਰਦੇਸੀ ਜਿਹੜਾ ਉਨ੍ਹਾਂ ਦੇ ਵਿਚ ਟਿਕਿਆ ਹੋਇਆ ਹੈ ਕਿਉਂ ਜੋ ਉਹ ਸਾਰੀ ਪਰਜਾ ਦੀ ਭੁੱਲ ਨਾਲ ਹੋਇਆ ਸੀ। ਜੇ ਇੱਕੋ ਹੀ ਪ੍ਰਾਣੀ ਭੁੱਲ ਨਾਲ ਪਾਪ ਕਰੇ ਤਾਂ ਪਾਪ ਦੀ ਬਲੀ ਲਈ ਉਹ ਇਕ ਸਾਲਾ ਬੱਕਰੀ ਚੜ੍ਹਾਵੇ। ਫੇਰ ਯਾਜਕ ਉਸ ਪ੍ਰਾਣੀ ਲਈ ਜਿਹੜਾ ਭੁੱਲ ਕੇ ਪਾਪ ਕਰੇ ਪਰਾਸਚਿਤ ਕਰੇ ਜਦ ਉਹ ਯਹੋਵਾਹ ਅੱਗੇ ਭੁੱਲ ਕੇ ਪਾਪ ਕਰੇ ਐਉਂ ਉਹਦੇ ਲਈ ਪਰਾਸਚਿਤ ਹੋਵੇ ਤਾਂ ਉਹ ਮਾਫ਼ੀ ਪਾਵੇਗਾ (22-28)।

ਲੇਵੀਆਂ 4:1-7:10 ਵਿਚ ਪਾਪ ਬਲੀ ਅਤੇ ਦੋਸ਼ ਬਲੀ ਦੇ ਨਿਅਮ ਬੜੇ ਵਿਸਥਾਰ ਨਾਲ ਦਿੱਤੇ ਗਏ ਹਨ। ਖ਼ੁਦਾ ਨੇ ਇਸਰਾਏਲੀਆਂ ਨੂੰ ਭਰੋਸਾ ਦਿੱਤਾ ਸੀ ਕਿ ਪਾਪ ਦੀ ਕੁਰਬਾਨੀ ਦੇ ਬਾਅਦ ਪਾਪ ਕਰਨ ਵਾਲੇ ਨੂੰ ''ਮਾਫ਼ ਕੀਤਾ ਜਾਵੇਗਾ'' (ਲੇਵੀਆਂ 4:20, 26, 31, 35; 5:10, 13, 16, 18; 6:7; 19:22)। ਪਾਪ ਮਾਫ਼ ਤਾਂ ਕੀਤੇ ਜਾਂਦੇ ਸਨ ਪਰ ਪਸ਼ੂਆਂ ਦਾ ਲਹੂ ਉਨ੍ਹਾਂ ਨੂੰ ਮਾਫ਼ ਨਹੀਂ ਕਰਦਾ ਸੀ। ਸਲੀਬ ਉੱਤੇ ਯਿਸੂ ਦੀ ਮੌਤ ਨਾਲ ਹੀ ਉਨ੍ਹਾਂ ਦੇ ਪਾਪ ਮਾਫ਼ ਕੀਤੇ ਗਏ ਜੋ ਪਹਿਲੇ ਨੇਮ ਦੇ ਅਧੀਨ ਰਹਿੰਦੇ ਸਨ (ਰੋਮੀਆਂ 3:25; ਇਬਰਾਨੀਆਂ 9:15)।

## ਬਲਦਾਂ ਅਤੇ ਬੱਕਰਿਆਂ ਦਾ ਲਹੂ

ਨਵੇਂ ਨੇਮ ਵਿਚ ਸਪੱਸ਼ਟ ਕੀਤਾ ਗਿਆ ਹੈ, ''ਕਿਉਂ ਜੋ ਅਣਹੋਣਾ ਹੈ ਕਿ ਵਹਿੜਕਿਆਂ ਅਤੇ ਬੱਕਰਿਆਂ ਦਾ ਲਹੂ ਪਾਪਾਂ ਨੂੰ ਲੈ ਜਾਵੇ'' (ਇਬਰਾਨੀਆਂ 10:4) ਜਾਨਵਰਾਂ ਦੇ ਲਹੂ ਨਾਲ ਪਾਪ ਮਾਫ਼ ਨਹੀਂ ਹੋ ਸਕਦੇ ਸਨ, ਭਲਾ ਸ਼ਰ੍ਹਾ ਦੇ ਇਸ ਵਾਕ ਕਿ ''ਪਾਪ ਮਾਫ਼ ਕੀਤੇ ਜਾਣਗੇ'' (ਉਦਾਹਰਣ ਲਈ, ਵੇਖੋ ਲੇਵੀਆਂ 4:20, 26, 30, 35) ਦਾ ਅਰਥ ਇਹ ਹੈ ਕਿ ਪਾਪ ਉਸ ਸਮੇਂ ਮਾਫ਼ ਨਹੀਂ ਕੀਤੇ ਜਾਂਦੇ ਸਨ, ਬਲਕਿ ਭਵਿੱਖ ਵਿਚ ਕਿਸੇ ਵਕਤ ਹੋਣੇ ਸਨ?

ਪੁਰਾਣੇ ਨੇਮ ਦੇ ਵਾਕਾਂ ਵਿਚ ਕੁਝ ਵਾਕ ਜ਼ਾਹਿਰ ਤੌਰ ਤੇ ਸਿਖਾਉਂਦੇ ਹਨ ਕਿ ਖ਼ੁਦਾ ਨੇ ਉਸ ਸਮੇਂ ਪਾਪ ਮਾਫ਼ ਕੀਤੇ ਸਨ। ਖ਼ੁਦਾ ਅੱਗੇ ਮੂਸਾ ਦੀ ਦੁਆ ਅਤੇ ਉਸਦੇ ਜਵਾਬ ਤੋਂ ਸੰਕੇਤ ਮਿਲਦੇ ਹਨ ਕਿ ਖ਼ੁਦਾ ਨੇ ਸਲੀਬ ਤੋਂ ਪਹਿਲਾਂ ਪਾਪ ਮਾਫ਼ ਕੀਤੇ ਸਨ। ''ਆਪਣੀ ਵੱਡੀ ਦਯਾ ਦੇ ਅਨੁਸਾਰ ਜਿਵੇਂ ਤੈਂ ਏਸ ਪਰਜਾ ਨੂੰ ਮਿਸਰ ਤੋਂ ਲੈ ਕੇ ਹੁਣ ਤੀਕ ਬਖ਼ਸ਼ਿਆ ਹੈ ਇਨ੍ਹਾਂ ਦਾ ਕੁਧਰਮ ਮਾਫ਼ ਕਰ ਦੇਹ। ਤਾਂ ਯਹੋਵਾਹ ਨੇ ਆਖਿਆ, ਤੇਰੇ ਆਖਣ ਅਨੁਸਾਰ ਮੈਂ ਉਨ੍ਹਾਂ ਨੂੰ ਮਾਫ਼ ਕੀਤਾ'' (ਗਿਣਤੀ 14:19, 20)। ਬਥਸ਼ਬਾ ਨਾਲ ਦਾਊਦ ਦੇ ਪਾਪ ਤੋਂ ਬਾਅਦ, ਨਾਥਾਨ ਨੇ

ਉਸਨੂੰ ਯਕੀਨ ਦੁਆਇਆ ਸੀ, ''ਯਹੋਵਾਹ ਨੇ ਵੀ ਤੇਰਾ ਪਾਪ ਬਖ਼ਸ਼ਿਆ ਸੋ ਤੂੰ ਨਾ ਮਰੇਂਗਾ'' (2 ਸਮੂਏਲ 12:13)। ਸੁਲੇਮਾਨ ਦੇ ਰਾਹੀਂ ਖ਼ੁਦਾ ਨੇ ਕਿਹਾ ਸੀ ਕਿ ਜੇ ਇਸਰਾਏਲੀ ''ਅਧੀਨ ਹੋ ਕੇ ਪ੍ਰਾਰਥਨਾ ਕਰਨ ਅਤੇ ਮੇਰੇ ਦਰਸ਼ਣ ਦੇ ਚਾਹਵੰਦ ਹੋਣ ਅਤੇ ਆਪਣੇ ਭੈੜੇ ਰਾਹ ਤੋਂ ਮੁੜਨ ਤਾਂ ਮੈਂ ਸੁਰਗ ਤੋਂ ਸੁਣ ਕੇ ਉਨ੍ਹਾਂ ਦੇ ਪਾਪ ਖਿਮਾ ਕਰਾਂਗਾ ਅਤੇ ਉਨ੍ਹਾਂ ਦੇ ਦੇਸ ਨੂੰ ਬਹਾਲ ਕਰ ਦਿਆਂਗਾ'' (2 ਇਤਿਹਾਸ 7:14)।

ਸਬੂਤ ਤੋਂ ਇਹ ਸੰਕੇਤ ਲਗਦਾ ਹੈ ਕਿ ਖ਼ੁਦਾ ਨੇ ਪੁਰਾਣੇ ਨੇਮ ਦੇ ਸਮੇਂ ਦੇ ਲੋਕਾਂ ਨੂੰ ਮਾਫ਼ ਕੀਤਾ ਸੀ। ਇਸ ਤਰ੍ਹਾਂ ਉਹ ਯਿਸੂ ਦੀ ਮੌਤ ਦੇ ਅਧਾਰ ਤੇ ਕਰ ਸਕਦਾ ਸੀ ਕਿਉਂਕਿ ਖ਼ੁਦਾ ਦੀ ਨਜ਼ਰ ਵਿਚ ਉਸਦੀ ਮੌਤ ਹੋਣ ਤੋਂ ਪਹਿਲਾਂ ਵੀ ਓਨੀ ਹੀ ਯਕੀਨੀ ਸੀ ਜਿੰਨੀ ਬਾਅਦ ਵਿਚ। ਖ਼ੁਦਾ ਨੇ ਯਿਸੂ ਦੀ ਮੌਤ ਦੀ ਯੋਜਨਾ ਬਹੁਤ ਪਹਿਲਾਂ (ਯਸਾਯਾਹ 53:4-12; ਰਸੂਲਾਂ ਦੇ ਕੰਮ 2:23), ਭਾਵ ਸ੍ਰਿਸ਼ਟੀ ਦੇ ਰਚਣ ਤੋਂ ਪਹਿਲਾਂ ਬਣਾਈ ਹੋਈ ਸੀ (1 ਪਤਰਸ 1:18-20)।

ਯਿਸੂ ਦੀ ਮੌਤ ਦੇ ਰਾਹੀਂ, ਖ਼ੁਦਾ ਨੇ ਵਿਖਾਇਆ ਕਿ ਉਹ ਪਿਛਲੇ ਪਾਪਾਂ ਨੂੰ ਮਾਫ਼ ਕਰਨ ਲਈ ਧਰਮੀ ਹੈ। ''ਕਿ ਪਰਮੇਸ਼ੁਰ ਆਪਣੇ ਧਰਮ ਨੂੰ ਪਰਗਟ ਕਰੇ ਇਸ ਲਈ ਜੋ ਉਹ ਨੇ ਆਪਣੀ ਖਿਮਾ ਨਾਲ ਪਿਛਲੇ ਸਮੇਂ ਦੇ ਕੀਤੇ ਹੋਏ ਪਾਪਾਂ ਤੋਂ ਅੱਖੀਆਂ ਫੇਰ ਲਈਆਂ'' (ਰੋਮੀਆਂ 3:25)। ਯਿਸੂ ਦੀ ਮੌਤ ਨਾਲ ਉਨ੍ਹਾਂ ਦੇ ਹੀ ਪਾਪ ਮਾਫ਼ ਨਹੀਂ ਹੁੰਦੇ ਜੋ ਨਵੇਂ ਨੇਮ ਦੇ ਅਧੀਨ ਰਹਿੰਦੇ ਹਨ ਬਲਕਿ ਇਹ ਪਹਿਲੇ ਨੇਮ ਦੇ ਅਧੀਨ ਰਹਿਣ ਵਾਲਿਆਂ ਦੀ ਮਾਫ਼ੀ ਦਾ ਵੀ ਅਧਾਰ ਸੀ। ਇਸ ਤਰ੍ਹਾਂ ਇਸਰਾਏਲੀ ਵੀ ਇਸ ਮੀਰਾਸ ਭਾਵ ਬਰਕਤ ਨੂੰ ਪਾ ਸਕਦੇ ਸਨ ਜਿਸਦਾ ਵਾਅਦਾ ਸ਼ਰ੍ਹਾ ਵਿਚ ਨਹੀਂ ਦਿੱਤਾ ਗਿਆ ਸੀ। ''ਇਸੇ ਕਾਰਨ ਉਹ ਨਵੇਂ ਨੇਮ ਦਾ ਵਿਚੋਲਾ ਹੈ ਕਿਉਂਕਿ ਇਕ ਮੌਤ ਹੋਈ ਹੈ ਜਿਹੜੀ ਪਹਿਲੇ ਨੇਮ ਦੇ ਅਪਰਾਧਾਂ ਤੋਂ ਛੁਡਾਉਂਦੀ ਹੈ ਭਈ ਓਹ ਜਿਹੜੇ ਸੱਦੇ ਹੋਏ ਹਨ ਸਦੀਪਕਾਲ ਦੇ ਵਿਰਸੇ ਦੇ ਵਾਇਦੇ ਨੂੰ ਪ੍ਰਾਪਤ ਕਰਨ'' (ਇਬਰਾਨੀਆਂ 9:15)।

ਖ਼ੁਦਾ ਨੇ ਇਸਰਾਏਲੀਆਂ ਦੇ ਪਾਪ, ਆਪਣੀ ਕਿਸੇ ਖ਼ੂਬੀ ਜਾਂ ਕੁਰਬਾਨੀਆਂ ਦੇ ਅਧਾਰ ਤੇ ਨਹੀਂ ਬਲਕਿ ਯਿਸੂ ਦੇ ਲਹੂ ਦੇ ਅਧਾਰ ਤੇ ਮਾਫ਼ ਕੀਤੇ ਜੋ ਸਾਰੇ ਜਗਤ ਦੇ ਪਾਪਾਂ ਵਾਸਤੇ ਵਹਾਇਆ ਗਿਆ ਸੀ (1 ਯੂਹੰਨਾ 2:2)। ਹਰ ਯੁੱਗ ਵਿਚ ਪਾਪਾਂ ਦੀ ਮਾਫ਼ੀ ਯਿਸੂ ਦੇ ਲਹੂ ਦੇ ਅਧਾਰ ਤੇ ਹੁੰਦੀ ਹੈ। ''ਬਿਨਾ ਲਹੂ ਵਹਾਏ ਮਾਫ਼ੀ ਹੁੰਦੀ ਹੀ ਨਹੀਂ'' (ਇਬਰਾਨੀਆਂ 9:22)। ਯਿਸੂ ਦਾ ਲਹੂ ਹੀ ਹੈ ਜੋ ਪਾਪਾਂ ਦੀ ਮਾਫ਼ੀ ਦੁਆ ਸਕਦਾ ਹੈ।

## ਨਵੇਂ ਨੇਮ ਦੇ ਅਧੀਨ ਮਾਫ਼ੀ

ਖ਼ੁਦਾ ਦੇ ਸੁਭਾਅ ਦੇ ਬਿਲਕੁਲ ਉਲਟ ਹੋਣ ਦੇ ਕਰਕੇ ਪਾਪ ਉਸਦੀ ਸਭ ਤੋਂ ਬਹੁਤੀ ਨਾਖੁਸ਼ੀ ਨੂੰ ਵਧਾਉਂਦਾ ਹੈ:

> ਜਿਹੜੇ ਮਨੁੱਖ ਸਚਿਆਈ ਨੂੰ ਕੁਧਰਮ ਨਾਲ ਦਬਾਈ ਰੱਖਦੇ ਹਨ ਉਨ੍ਹਾਂ ਦੀ ਸਾਰੀ ਬੇਦੀਨੀ ਅਤੇ ਕੁਧਰਮ ਉੱਤੇ ਪਰਮੇਸ਼ੁਰ ਦਾ ਕ੍ਰੋਧ ਤਾਂ ਅਕਾਸ਼ੋਂ ਪਰਗਟ ਹੋਇਆ (ਰੋਮੀਆਂ 1:18)।
>
> ਕਿਉਂ ਜੋ ਤੁਸੀਂ ਇਸ ਗੱਲ ਨੂੰ ਪੱਕ ਜਾਣਦੇ ਹੋ ਭਈ ਕਿਸੇ ਹਰਾਮਕਾਰ ਯਾ ਭ੍ਰਿਸ਼ਟ ਯਾ ਲੋਭੀ ਮਨੁੱਖ ਨੂੰ ਜੋ ਮੂਰਤੀ ਪੂਜਕ ਹੈ ਮਸੀਹ ਅਤੇ ਪਰਮੇਸ਼ੁਰ ਦੇ ਰਾਜ ਵਿਚ

ਅਧਕਾਰ ਨਹੀਂ।

> ਕੋਈ ਤੁਹਾਨੂੰ ਫੋਕੀਆਂ ਗੱਲਾਂ ਨਾਲ ਧੋਖਾ ਨਾ ਦੇਵੇ ਕਿਉਂ ਜੋ ਇਨ੍ਹਾਂ ਗੱਲਾਂ ਦੇ ਕਾਰਨ ਪਰਮੇਸ਼ੁਰ ਦਾ ਕੋਪ ਅਣਆਗਿਆਕਾਰੀ ਦੇ ਪੁੱਤਰਾਂ ਉੱਤੇ ਪੈਂਦਾ ਹੈ (ਅਫ਼ਸੀਆਂ 5:5, 6)।

> ਇਸ ਲਈ ਤੁਸੀਂ ਆਪਣੇ ਅੰਗਾਂ ਨੂੰ ਜੋ ਧਰਤੀ ਉੱਤੇ ਹਨ ਮਾਰ ਸੁੱਟੋ ਅਰਥਾਤ ਹਰਾਮਕਾਰੀ, ਗੰਦ ਮੰਦ, ਕਾਮਨਾ, ਬੁਰੀ ਇੱਛਿਆ ਅਤੇ ਲੋਭ ਨੂੰ ਜਿਹੜਾ ਮੂਰਤੀ ਪੂਜਾ ਹੈ। ਕਿਉਂ ਜੋ ਇਨ੍ਹਾਂ ਗੱਲਾਂ ਦੇ ਕਾਰਨ ਪਰਮੇਸ਼ੁਰ ਦਾ ਕ੍ਰੋਧ ਅਣਆਗਿਆਕਾਰੀ ਦੇ ਪੁੱਤਰਾਂ ਉੱਤੇ ਪੈਂਦਾ ਹੈ (ਕੁਲੁੱਸੀਆਂ 3:5, 6)।

ਖ਼ੁਦਾ ਦਾ ਕਹਿਰ ਵਹਾਇਆ ਜਾਵੇਗਾ, ਕਿਉਂਕਿ ਖ਼ੁਦਾ ਕੁਧਰਮ ਨਾਲ, ਜੋ ਪਾਪ ਹੈ (1 ਯੂਹੰਨਾ 3:4), ਵੈਰ ਰੱਖਦਾ ਹੈ (ਇਬਰਾਨੀਆਂ 1:9)।

ਪਾਪ ਉੱਤੇ ਖ਼ੁਦਾ ਦਾ ਕਹਿਰ ਵਧਦਾ ਹੀ ਨਹੀਂ, ਉਹ ਸਾਨੂੰ ਉਸ ਤੋਂ ਦੂਰ ਕਰਕੇ ਪਰਾਇਆ ਵੀ ਕਰ ਦਿੰਦਾ ਹੈ। ਪੌਲੁਸ ਨੇ ਲਿਖਿਆ, ''ਤੁਹਾਨੂੰ ਜਿਹੜੇ ਅੱਗੇ ਅੱਡ ਹੋਏ-ਹੋਏ ਅਤੇ ਆਪਣੇ ਕੁਕਰਮਾਂ ਦੇ ਕਾਰਨ ਮਨੋਂ ਵੈਰੀ ਸਾਓ'' (ਕੁਲੁੱਸੀਆਂ 1:21)। ਉਸਨੇ ਇਹ ਵੀ ਲਿਖਿਆ ਕਿ ਜਿਨ੍ਹਾਂ ਪਾਪੀਆਂ ਦੀ ਮਾਫ਼ੀ ਨਹੀਂ ਹੋਈ, ''ਉਨ੍ਹਾਂ ਦੀ ਬੁੱਧ ਅਨ੍ਹੇਰੀ ਹੋਈ-ਹੋਈ ਹੈ ਅਤੇ ਅਤੇ ਉਸ ਅਗਿਆਨ ਦੇ ਕਾਰਨ ਜੋ ਉਨ੍ਹਾਂ ਵਿਚ ਹੈ ਅਤੇ ਆਪਣੇ ਮਨ ਦੀ ਕਠੋਰਤਾ ਦੇ ਕਾਰਨ ਓਹ ਪਰਮੇਸ਼ੁਰ ਦੇ ਜੀਵਨ ਤੋਂ ਅੱਡ ਹੋਏ ਹੋਏ ਹਨ'' (ਅਫ਼ਸੀਆਂ 4:18)। ਉਹ ''ਮਸੀਹ ਤੋਂ ਅੱਡ ... ਪਰਮੇਸ਼ੁਰ ਤੋਂ ਰਹਿਤ ... ਦੂਰ'' (ਅਫ਼ਸੀਆਂ 2:12, 13), ਖ਼ੁਦਾ ਦੇ ''ਵੈਰੀ'' (ਰੋਮੀਆਂ 5:10) ਹਨ। ਯਾਕੂਬ ਨੇ ਲਿਖਿਆ ਕਿ ''ਜੇ ਕੋਈ ਸੰਸਾਰ ਦਾ ਮਿੱਤਰ ਹੋਇਆ ਚਾਹੁੰਦਾ ਹੈ ਸੋ ਆਪਣੇ ਆਪ ਨੂੰ ਪਰਮੇਸ਼ੁਰ ਦਾ ਵੈਰੀ ਬਣਾਉਂਦਾ ਹੈ'' (ਯਾਕੂਬ 4:4)।

### ਸਾਡੀ ਮਾਫ਼ੀ ਲਈ ਯਿਸੂ ਦੀ ਕੁਰਬਾਨੀ

ਆਦਮੀ ਦੇ ਕਰਮ ਅਤੇ ਸ਼ਰ੍ਹਾ ਦੇ ਕੰਮ ਪਾਪਾਂ ਜਾਂ ਖ਼ੁਦਾ ਦੇ ਗੁੱਸੇ ਨੂੰ ਮਿਟਾ ਨਹੀਂ ਸਕਦੇ। ਜੇ ਇਵੇਂ ਹੋ ਸਕਦਾ ਹੁੰਦਾ ਤਾਂ ਯਿਸੂ ਨੂੰ ਸਲੀਬ 'ਤੇ ਮਰਨ ਦੀ ਲੋੜ ਨਹੀਂ ਸੀ। ਪੌਲੁਸ ਨੇ ਲਿਖਿਆ, ''ਮੈਂ ਪਰਮੇਸ਼ੁਰ ਦੀ ਕਿਰਪਾ ਨੂੰ ਅਕਾਰਥ ਨਹੀਂ ਕਰਦਾ ਕਿਉਂਕਿ ਜੇ ਸ਼ਰ੍ਹਾ ਦੇ ਰਾਹੀਂ ਧਰਮ ਪ੍ਰਾਪਤ ਹੁੰਦਾ ਤਾਂ ਮਸੀਹ ਐਵੇਂ ਹੀ ਮੋਇਆ'' (ਗਲਾਤੀਆਂ 2:21)। ਉਸਨੇ ਇਹ ਵੀ ਕਿਹਾ, ''ਸਰਾਪਤ ਹੋਵੇ ਹਰੇਕ ਜਿਹੜਾ ਉਨ੍ਹਾਂ ਸਭਨਾਂ ਗੱਲਾਂ ਦੇ ਕਰਨ ਵਿਚ ਜਿਹੜੀਆਂ ਸ਼ਰ੍ਹਾ ਦੀ ਪੁਸਤਕ ਵਿਚ ਲਿਖੀਆਂ ਹਨ ਲੱਗਾ ਨਹੀਂ ਰਹਿੰਦਾ'' (ਗਲਾਤੀਆਂ 3:10ਅ)। ਇਹ ਸਭ ਚੀਜ਼ਾਂ ਯਿਸੂ ਦੇ ਲਹੂ ਦੇ ਨਾਲ ਹੀ ਮਿਲ ਸਕਦੀਆਂ ਹਨ। ਪਾਪਾਂ ਦੀ ਮਾਫ਼ੀ ਮਨੁੱਖ ਦੀ ਕਿਸੇ ਕੋਸ਼ਿਸ਼ ਨਾਲ ਨਹੀਂ ਹੋ ਸਕਦੀ। ਜਿਵੇਂ ਕਿ ਇਕ ਪੁਰਾਣੇ ਗੀਤ ਵਿਚ ਕਿਹਾ ਗਿਆ ਹੈ, ''ਦਿਲ ਕੇ ਦਾਗ਼ ਧੋਵੇ ਕੌਨ? ਲਹੂ ਜੋ ਕਿ ਕਰੂਸ ਸੇ ਜਾਰੀ।''[1] ਸਾਡੇ ਵੱਲੋਂ ਸਹੀ ਢੰਗ ਨਾਲ ਉਸਦੀ ਗੱਲ ਮੰਨੇ ਬਿਨਾ ਸਾਡੇ ਪਾਪ ਧੋਏ ਨਹੀਂ ਜਾ ਸਕਦੇ, ਕਿਉਂਕਿ ਯਿਸੂ ਦਾ ਲਹੂ ਹੀ ਸਾਡੇ ਪਾਪਾਂ ਨੂੰ ਧੋ ਸਕਦਾ ਹੈ।

ਸਾਡੇ ਪਾਪ ਯਿਸੂ ਦੇ ਲਹੂ ਦੇ ਰਾਹੀਂ (ਮੱਤੀ 26:28; 1 ਯੂਹੰਨਾ 1:7; ਪ੍ਰਕਾਸ਼ ਦੀ ਪੋਥੀ 10:5) ਨਵੇਂ ਅਤੇ ਜ਼ਿੰਦਾ ਢੰਗ ਨਾਲ ਮਾਫ਼ ਕੀਤੇ ਜਾਂਦੇ ਹਨ (ਇਬਰਾਨੀਆਂ 10:19, 20)

ਆਪਣਾ ਲਹੂ ਵਹਾ ਕੇ ਉਸਨੇ ਸਾਡੇ ਪਾਪਾਂ ਦਾ ਮੁੱਲ ਭਰ ਦਿੱਤਾ (ਰੋਮੀਆਂ 6:23; 1 ਪਤਰਸ 1:18-20) ਅਤੇ ਖ਼ੁਦਾ ਦੇ ਕ੍ਰੋਧ ਨੂੰ ਦੂਰ ਕਰਨਾ ਮੁਮਕਿਨ ਕਰ ਦਿੱਤਾ। ''ਸੋ ਜਦੋਂ ਅਸੀਂ ਹੁਣ ਉਹਦੇ ਲਹੂ ਨਾਲ ਧਰਮੀ ਠਹਿਰਾਏ ਗਏ ਤਾਂ ਇਸ ਨਾਲੋਂ ਬਹੁਤ ਵਧਕੇ ਅਸੀਂ ਉਹ ਦੇ ਰਾਹੀਂ ਉਸ ਕ੍ਰੋਧ ਤੋਂ ਬਚ ਜਾਵਾਂਗੇ'' (ਰੋਮੀਆਂ 5:9)। ਉਸਦਾ ਲਹੂ ਸਾਡੇ ਅਤੇ ਖ਼ੁਦਾ ਦੇ ਲਹੂ ਵਿਚ ਮੇਲ ਨੂੰ ਸੰਭਵ ਬਣਾਉਂਦਾ ਹੈ (ਕੁਲੁੱਸੀਆਂ 1:20) ਤਾਂ ਜੋ ਯਿਸੂ ਸਾਨੂੰ ''ਮੌਤ ਦੇ ਵਸੀਲੇ ਮਿਲਾ ਸਕੇ ਤਾਂ ਜੋ ਉਹ ਤੁਹਾਨੂੰ ਪਵਿੱਤਰ, ਨਿਰਦੋਸ਼, ਅਤੇ ਬੇਇਲਜ਼ਾਮ ਆਪਣੇ ਸਨਮੁਖ ਖੜਾ ਕਰੇ'' (ਕੁਲੁੱਸੀਆਂ 1:22)। ''ਇਸ ਲਈ ਯਿਸੂ ਨੇ ਵੀ ਭਈ ਲੋਕਾਂ ਨੂੰ ਆਪਣੇ ਲਹੂ ਨਾਲ ਪਵਿੱਤਰ ਕਰੇ ਫਾਟਕੋਂ ਬਾਹਰ ਦੁੱਖ ਝੱਲਿਆ'' (ਇਬਰਾਨੀਆਂ 13:12)।

## ਸਾਡੇ ਵੱਲੋਂ ਹੁਕਮ ਮੰਨ ਕੇ ਉਹਨੂੰ ਕਬੂਲ ਕਰਨਾ

ਯਿਸੂ ਦਾ ਲਹੂ ਹੀ ਸਾਨੂੰ ਮੁਕਤੀ ਦੁਆ ਸਕਦਾ ਹੈ (ਰਸੂਲਾਂ ਦੇ ਕੰਮ 4:12)। ਉਸ ਰੂਹਾਨੀ ਜ਼ਿੰਦਗੀ ਨੂੰ ਪਾਉਣ ਲਈ ਜੋ ਉਸ ਨੇ ਸੰਭਵ ਬਣਾਈ ਹੈ, ਸਾਡੇ ਲਈ ਉਸ 'ਤੇ ਭਰੋਸਾ ਰੱਖਣਾ ਜ਼ਰੂਰੀ ਹੈ। ਸਾਨੂੰ ਚਾਹੀਦਾ ਹੈ ਕਿ ਉਸਦੀ ਗੱਲ ਮੰਨ ਕੇ ਉਸਦੇ ਪਿੱਛੇ ਚਲੀਏ। ਯੂਹੰਨਾ 3:36 ਕਹਿੰਦਾ ਹੈ, ''ਜਿਹੜਾ ਪੁੱਤਰ ਉੱਤੇ ਨਿਹਚਾ ਕਰਦਾ ਹੈ ਸਦੀਪਕ ਜੀਉਣ ਉਸ ਦਾ ਹੈ ਪਰ ਜੋ ਪੁੱਤਰ ਨੂੰ ਨਹੀਂ ਮੰਨਦਾ ਸੋ ਜੀਉਣ ਨਾ ਵੇਖੇਗਾ ਸਗੋਂ ਪਰਮੇਸ਼ੁਰ ਦਾ ਕ੍ਰੋਧ ਉਸ ਉੱਤੇ ਰਹਿੰਦਾ ਹੈ।'' ਇਹ ਅਨੁਵਾਦ ਸਹੀ ਹੈ ਜੋ ਅੰਗ੍ਰੇਜ਼ੀ ਦੇ KJV ਅਨੁਵਾਦ ਵਾਂਗ ਹੀ ਹੈ ਅਤੇ NIV ਵਿਚ ਇਸਦਾ ਅਨੁਵਾਦ ''ਜੋ ਪੁੱਤਰ ਨੂੰ ਨਕਾਰਦਾ ਹੈ'' ਕੀਤਾ ਗਿਆ ਹੈ। ਇੱਥੇ ਵਰਤੇ ਗਏ ਸ਼ਬਦ *apeitheo* ਜਿਸਦਾ ਅਰਥ ''ਹੁਕਮ ਨਾ ਮੰਨਣਾ'' ਹੈ, ਇਸ ਆਇਤ ਵਿਚ ਇਹ *apisteo* ਸ਼ਬਦ ਨਹੀਂ ਹੈ ਜਿਸਦਾ ਅਰਥ ''ਵਿਸ਼ਵਾਸ ਨਾ ਕਰਨਾ'' ਹੈ।

ਯਿਸੂ ''ਸਿੱਧ ਹੋ ਕੇ ਉਨ੍ਹਾਂ ਸਭਨਾਂ ਦੀ ਜਿਹੜੇ ਉਹ ਦੇ ਆਗਿਆਕਾਰ ਹਨ ਸਦਾ ਦੀ ਗਤੀ ਦਾ ਕਾਰਨ ਹੋਇਆ'' (ਇਬਰਾਨੀਆਂ 5:9)। ਯਿਸੂ ਕਦੇ ਵੀ ਅਧੂਰਾ ਨਹੀਂ ਸੀ। ''ਸਿੱਧ'' ਸ਼ਬਦ *teleios* ਤੋਂ ਲਿਆ ਗਿਆ ਹੈ ਜਿਸਦਾ ਅਰਥ ''ਆਪਣੀ ਮੰਜ਼ਿਲ ਤਕ ਪਹੁੰਚ ਕੇ, ਪੂਰਾ ਹੋਇਆ'' ਹੈ। ਆਪਣਾ ਲਹੂ ਦੇ ਕੇ ਮਨੁੱਖ ਨੂੰ ਬਚਾਉਣ 'ਚ ਉਹਦਾ ਕੰਮ ਮੁਕੰਮਲ ਹੋਇਆ, ਪੂਰਾ ਹੋਇਆ (ਯੂਹੰਨਾ 19:30)। ਸਾਡੀ ਮੁਕਤੀ ਦਾ ਮੁੱਲ ਭਰ ਕੇ ਉਹ ਉਨ੍ਹਾਂ ਸਭਨਾਂ ਦੀ ਜੋ ਆਗਿਆਕਾਰ ਹਨ ਮੁਕਤੀ ਦਾ ਕਾਰਣ ਹੋ ਗਿਆ। ਇਸ ਤਰ੍ਹਾਂ ਦੀ ਮਾਫ਼ੀ ਯਿਸੂ ਦੇ ਲਹੂ ਦੇ ਅਧਾਰ ਤੇ ਹੁੰਦੀ ਹੈ, ਅਤੇ ਇਸ ਦੇ ਬਿਨਾ ਸੰਭਵ ਨਹੀਂ ਹੋ ਸਕਦੀ, ਕਿਉਂਕਿ ''ਬਿਨਾ ਲਹੂ ਵਹਾਏ ਮਾਫ਼ੀ ਹੁੰਦੀ ਹੀ ਨਹੀਂ'' (ਇਬਰਾਨੀਆਂ 9:22)।

ਅਸੀਂ ਜੋ ਵੀ ਕਰ ਸਕਦੇ ਹਾਂ ਉਸ ਨਾਲ ਮੁਕਤੀ *ਬਣ* ਨਹੀਂ ਸਕਦੀ, ਇਸਦੇ ਉਲਟ ਯਿਸੂ ਉਨ੍ਹਾਂ ਲੋਕਾਂ ਨੂੰ ਬਚਾਉਂਦਾ ਹੈ ਜੋ ਉਸਦੀ ਗੱਲ ਮੰਨਦੇ ਹਨ। ਕਿਰਪਾ ਨਾਲ ਜਿਸਦੇ ਅਸੀਂ ਯੋਗ ਨਹੀਂ ਹਾਂ ਆਪਣੇ ਕਰਮਾਂ ਨਾਲ ਨਹੀਂ ਬਲਕਿ ਯਿਸੂ ਦੇ ਕੰਮ ਦੇ ਰਾਹੀਂ ਬਚਾਏ ਜਾਂਦੇ ਹਾਂ (ਅਫ਼ਸੀਆਂ 2:8, 9)। ਯਿਸੂ ਦੀ ਇੱਛਾ ਨੂੰ ਮੰਨ ਕੇ, ਸਾਨੂੰ ਸਲੀਬ 'ਤੇ ਉਸਦੀ ਮੌਤ ਨਾਲ ਉਸਦੇ ਲਹੂ ਵਹਾਏ ਜਾਣ ਨਾਲ ਮਿਲੀ ਮੁਕਤੀ ਮਿਲਦੀ ਹੈ। ਇਸੇ ਨੂੰ ਇੰਜੀਲ ਭਾਵ ਖੁਸ਼ਖਬਰੀ ਆਖਦੇ ਹਨ। ਜਿਹੜਾ ਯਿਸੂ ਦੀ ਨਹੀਂ ਮੰਨਦਾ ਉਹ ਖੁਸ਼ਖਬਰੀ ਦੀ ਗੱਲ ਨਹੀਂ ਮੰਨਦਾ। ਇਸ ਕਰਕੇ ਉਹ ਪ੍ਰਭੂ ਦੀ ਹਜ਼ੂਰੀ ਤੋਂ ਦੂਰ ਅਬਦੀ ਵਿਨਾਸ਼ ਦੀ ਸਜ਼ਾ ਪਾਏਗਾ (2 ਥੱਸਲੁਨੀਕੀਆਂ 1:8, 9)।

ਯਿਸੂ ਸਾਡਾ ਪ੍ਰਾਸਚਿਤ ਅਰਥਾਤ ਕਿਰਪਾ ਦੀ ਥਾਂ ਹੈ (ਇਬਰਾਨੀਆਂ 9:5) ਜਿੱਥੇ ਖ਼ੁਦਾ ਸਾਨੂੰ ਮਿਲੇਗਾ ਅਤੇ ਸਾਡੇ ਪਾਪਾਂ ਨੂੰ ਯਿਸੂ ਦੇ ਲਹੂ ਵਿਚ ਸਾਡੇ ਵਿਸ਼ਵਾਸ ਦੇ ਰਾਹੀਂ ਸ਼ੁੱਧ ਕਰ ਦਏਗਾ (ਰੋਮੀਆਂ 3:25)। ਸਾਡਾ ਵਿਸ਼ਵਾਸ ਉਸ ਵਿਚ ਹੋਣਾ ਜ਼ਰੂਰੀ ਹੈ ਜੋ ਯਿਸੂ ਨੇ ਸਾਡੇ ਲਈ ਕੀਤਾ ਹੈ ਨਾ ਕਿ ਉਸ ਵਿਚ ਜੋ ਅਸੀਂ ਖ਼ੁਦਾ ਲਈ ਕਰ ਸਕਦੇ ਹਾਂ। ਅਸੀਂ ਵਿਸ਼ਵਾਸ ਨਾਲ ਕਿਰਪਾ ਦੇ ਰਾਹੀਂ ਬਚਾਏ ਜਾਂਦੇ ਹਾਂ (ਅਫ਼ਸੀਆਂ 2:8, 9)। ''ਵਿਸ਼ਵਾਸ ਨਾਲ ਕਿਰਪਾ ਤਕ'' (ਰੋਮੀਆਂ 5:2) ਸਾਡੀ ਪਹੁੰਚ ਹੁੰਦੀ ਹੈ।

ਪਰ ਇਹ ਵਿਸ਼ਵਾਸ ਖ਼ੁਦਾ ਦੀ ਇੱਛਾ ਨੂੰ ਮੰਨਣ ਲਈ ਉਤਸ਼ਾਹਿਤ ਕਰਦਾ ਹੈ, ਕਿ ਖ਼ੁਦਾ ਸਾਨੂੰ ਬਰਕਤ ਦੇਵੇਗਾ। ਨਵੇਂ ਨੇਮ ਦੇ ਅਧੀਨ, ਉਸ ਵਿਸ਼ਵਾਸ ਦੀ ਗੱਲ ਮੰਨਣ ਲਈ ਜੋ ਸ਼ਰਤਾਂ ਖ਼ੁਦਾ ਨੇ ਦਿੱਤੀਆਂ ਹਨ, ਉਨ੍ਹਾਂ ਵਿਚ ਤੌਬਾ ਕਰਨਾ (ਰਸੂਲਾਂ ਦੇ ਕੰਮ 17:30), ਯਿਸੂ ਵਿਚ ਆਪਣੇ ਵਿਸ਼ਵਾਸ ਦਾ ਇਕਰਾਰ ਕਰਨਾ (ਰੋਮੀਆਂ 10:9, 10) ਅਤੇ ਬਪਤਿਸਮਾ ਲੈਣਾ ਸ਼ਾਮਿਲ ਹਨ (ਮਰਕੁਸ 16:15, 16; ਰਸੂਲਾਂ ਦੇ ਕੰਮ 2:38; 22:16; ਕੁਲੁੱਸੀਆਂ 2:12, 13; 1 ਪਤਰਸ 3:21)।

ਯਿਸੂ ਸਾਥੋਂ ਜੋ ਕੁਝ ਚਾਹੁੰਦਾ ਹੈ ਉਨ੍ਹਾਂ ਵਿੱਚੋਂ ਕੋਈ ਗੱਲ ਸਾਡੇ ਪਾਪਾਂ ਨੂੰ ਮਿਟਾ ਨਹੀਂ ਸਕਦੀ। ਇਹ ਕੰਮ ਯਿਸੂ ਦਾ ਲਹੂ ਹੀ ਕਰ ਸਕਦਾ ਹੈ; ਫਿਰ ਵੀ, ਜਦ ਤਕ ਅਸੀਂ ਹੁਕਮ ਨਹੀਂ ਮੰਨਦੇ ਤਦ ਤਕ ਯਿਸੂ ਸਾਡੇ ਪਾਪਾਂ ਨੂੰ ਮਿਟਾਵੇਗਾ ਨਹੀਂ। ਜਿਵੇਂ ਅੱਗੇ ਵਧਣ, ਜੈ ਕਾਰੇ ਮਾਰਨ ਅਤੇ ਨਰਸਿੰਗਾ ਫੂਕਣ ਦੇ ਨਾਲ ਹੀ ਯਰੀਹੋ ਦੀ ਸ਼ਹਿਰਪਨਾਹ ਨਹੀਂ ਡਿੱਗੀ ਸੀ (ਇਬਰਾਨੀਆਂ 11:30), ਉਵੇਂ ਹੀ ਸਾਡਾ ਵਿਸ਼ਵਾਸ, ਤੌਬਾ ਕਰਨਾ, ਇਕਰਾਰ ਕਰਨਾ ਅਤੇ ਬਪਤਿਸਮਾ ਲੈਣਾ ਪਾਪਾਂ ਨੂੰ ਮਿਟਾਉਣ ਲਈ ਨਾਕਾਫ਼ੀ ਹਨ। ਇਸਰਾਏਲੀਆਂ ਦੇ ਵਿਸ਼ਵਾਸ ਨੇ ਉਨ੍ਹਾਂ ਨੂੰ ਖ਼ੁਦਾ ਦੇ ਹੁਕਮ ਮੰਨਣ ਪ੍ਰੇਰਿਆ ਤਾਂ ਉਨ੍ਹਾਂ ਨੂੰ ਉਸਦਾ ਬਦਲਾ ਵੀ ਮਿਲਿਆ। ਇਸੇ ਤਰ੍ਹਾਂ, ਤੌਬਾ ਕਰਨ, ਇਕਰਾਰ ਕਰਨ ਅਤੇ ਬਪਤਿਸਮਾ ਲੈਣ ਨਾਲ ਸਾਡੇ ਵਿਸ਼ਵਾਸ ਨੂੰ ਬਦਲਾ ਮਿਲਦਾ ਹੈ। ਖ਼ੁਦਾ ਦੀ ਇੱਛਾ ਨੂੰ ਮੰਨ ਕੇ, ਵਿਸ਼ਵਾਸ ਕਰਨ ਨਾਲ ਕਿ ਜੋ ਕੁਝ ਉਹ ਕਰ ਰਿਹਾ ਹੈ ਉਸਦੇ ਨਾਲ ਬਚਾਏ ਜਾਵਾਂਗੇ, ਸਾਡਾ ਵਿਸ਼ਵਾਸ ਸਾਡੇ ਆਪਣੇ ਕਰਮਾਂ ਉੱਤੇ ਨਹੀਂ ਹੈ। ਪੌਲੁਸ ਨੇ ਕਿਹਾ:

> ਜਿਹਦੇ ਵਿਚ ਤੁਸੀਂ ਅਜਿਹੀ ਸੁੰਨਤ ਨਾਲ ਸੁੰਨਤੀ ਵੀ ਹੋਏ ਜੋ ਹੱਥਾਂ ਨਾਲ ਕੀਤੀ ਹੋਈ ਨਹੀਂ ਅਰਥਾਤ ਮਸੀਹ ਵਾਲੀ ਸੁੰਨਤ ਜਿਹ ਦੇ ਵਿਚ ਸਰੀਰਕ ਮਾਸ ਲਾਹ ਸੁੱਟੀਦਾ ਹੈ। ਤੁਸੀਂ ਬਪਤਿਸਮਾ ਵਿਚ ਉਹ ਦੇ ਨਾਲ ਦਫ਼ਨਾਏ ਗਏ ਜਿਹ ਦੇ ਵਿਚ ਪਰਮੇਸ਼ੁਰ ਦੀ ਕਰਨੀ ਉੱਤੇ ਨਿਹਚਾ ਰੱਖ ਕੇ ਜਿਵੇਂ ਉਸ ਨੇ ਉਹਨੂੰ ਮੁਰਦਿਆਂ ਵਿੱਚੋਂ ਉਠਾਇਆ ਤੁਸੀਂ ਉਹਦੇ ਨਾਲ ਉਠਾਏ ਵੀ ਗਏ। ਅਤੇ ਉਸ ਨੇ ਤੁਹਾਨੂੰ ਜਿਹੜੇ ਆਪਣੇ ਅਪਰਾਧਾਂ ਅਤੇ ਆਪਣੇ ਸਰੀਰ ਦੀ ਅਸੁੰਨਤ ਦੇ ਕਾਰਨ ਮੋਏ ਹੋਏ ਸਾਓ ਉਹ ਦੇ ਨਾਲ ਜਿਵਾਲਿਆ ਕਿਉਂ ਜੋ ਉਸ ਨੇ ਸਾਡੇ ਸਾਰੇ ਅਪਰਾਧ ਸਾਨੂੰ ਮਾਫ਼ ਕੀਤੇ (ਕੁਲੁੱਸੀਆਂ 2:11-13)।

ਬਪਤਿਸਮੇ ਵਿਚ ਉਸਦੇ ਨਾਲ ਦਫ਼ਨਾਏ ਜਾਣ ਸਮੇਂ ਸਾਡਾ ਵਿਸ਼ਵਾਸ ''ਖ਼ੁਦਾ ਦੇ ਕੰਮ'' ਵਿਚ ਹੋਣਾ ਜ਼ਰੂਰੀ ਹੈ। ਯਿਸੂ ਨੂੰ ਮੁਰਦਿਆਂ ਵਿੱਚੋਂ ਜ਼ਿੰਦਾ ਕਰਕੇ ਖ਼ੁਦਾ ਨੇ ਯਿਸੂ ਨੂੰ ਮੌਤ ਤੋਂ ਜ਼ਿੰਦਗੀ ਵਿਚ ਲਿਆਉਣ ਦੀ ਆਪਣੀ ਸ਼ਕਤੀ ਵਿਖਾਈ। ਜੋ ਕੁਝ ਖ਼ੁਦਾ ਨੇ ਯਿਸੂ ਦੇ ਜੀ ਉੱਠਣ

ਵਿਚ ਕੀਤਾ, ਓਸੇ ਅਧਾਰ ਤੇ ਬਪਤਿਸਮਾ ਲੈਣ ਸਮੇਂ ਅਸੀਂ ਨਵੀਂ ਜ਼ਿੰਦਗੀ ਵਿਚ ਲਿਆਉਣ ਦੀ ਉਸਦੀ ਸ਼ਕਤੀ ਵਿਚ ਵਿਸ਼ਵਾਸ ਕਰ ਸਕਦੇ ਹਾਂ। ਖ਼ੁਦਾ ਨੇ ਸਾਨੂੰ ਬਪਤਿਸਮੇ ਵਿਚ ਰੂਹਾਨੀ ਮੌਤ ਤੋਂ ਜ਼ਿੰਦਗੀ ਵੱਲ ਲਿਆਉਣ ਦਾ ਵਾਅਦਾ ਕੀਤਾ ਹੈ, ਇਸ ਕਰਕੇ ਅਸੀਂ ਵਿਸ਼ਵਾਸ ਕਰਦੇ ਹਾਂ ਕਿ ਜਦ ਅਸੀਂ ਬਪਤਿਸਮਾ ਲੈ ਰਹੇ ਹੁੰਦੇ ਹਾਂ ਤਾਂ ਉਸ ਦੇ ਕੰਮ ਤੋਂ ਰੂਹਾਨੀ ਤੌਰ ਤੇ ਜ਼ਿੰਦਾ ਹੋ ਰਹੇ ਹੁੰਦੇ ਹਾਂ। ਬਪਤਿਸਮਾ ਲੈਣ ਵੇਲੇ ਸਾਨੂੰ ਚਹੀਦਾ ਹੈ ਕਿ ਅਸੀਂ ਖ਼ੁਦਾ ਦੇ ਕੰਮ ਵਿਚ ਵਿਸ਼ਵਾਸ਼ ਰੱਖੀਏ, ਨਾ ਕਿ ਉਸ ਵਿਚ ਜੋ ਅਸੀਂ ਕਰ ਰਹੇ ਹਾਂ। ਜਦ ਅਸੀਂ ਉਸ ਸ਼ਰਤ ਨੂੰ ਪੂਰਾ ਕਰ ਲੈਂਦੇ ਹਾਂ ਤਾਂ ਖ਼ੁਦਾ ਸਾਨੂੰ ਰੂਹਾਨੀ ਜ਼ਿੰਦਗੀ ਦੇ ਕੇ ਸਾਡੇ ਸਭ ਅਪਰਾਧ ਮਾਫ਼ ਕਰ ਬੇਦੀਨੀ ਨੂੰ ਖ਼ਤਮ ਕਰ ਦਿੰਦਾ ਹੈ।

ਸਾਨੂੰ ਯਿਸੂ ਦੇ ਲਹੂ ਵਿਚ ਹੀ ਨਹੀਂ, ਨਵੀਂ ਜ਼ਿੰਦਗੀ ਦੇਣ ਅਤੇ ਪਾਪਾਂ ਦੀ ਮਾਫ਼ੀ ਲਈ ਖ਼ੁਦਾ ਦੀ ਸ਼ਕਤੀ ਵਿਚ ਵਿਸ਼ਵਾਸ ਰੱਖਣ ਲਈ ਕਿਹਾ ਜਾਂਦਾ ਹੈ ਉਸ ਤੋਂ ਵੀ ਅੱਗੇ ਖ਼ੁਦਾ ਚਾਹੁੰਦਾ ਹੈ ਕਿ ਅਸੀਂ ਆਪਣੀ ਪਿਛਲੀ ਜ਼ਿੰਦਗੀ ਤੋਂ ਮਰ ਜਾਈਏ ਤਾਂ ਜੋ ਅਸੀਂ ਯਿਸੂ ਲਈ ਨਵੀਂ ਜ਼ਿੰਦਗੀ ਜੀ ਸਕੀਏ। ਬਪਤਿਸਮੇ ਵਿਚ ਯਿਸੂ ਦੇ ਨਾਲ ਦਫ਼ਨਾਏ ਜਾਣ ਵੇਲੇ ਅਸੀਂ ਆਪਣੇ ਪਿਛਲੀ ਜ਼ਿੰਦਗੀ ਲਈ ਮਰ ਜਾਂਦੇ ਹਾਂ; ਫਿਰ ਨਵੀਂ ਜ਼ਿੰਦਗੀ ਦੀ ਚਾਲ ਚੱਲਦੇ ਹਾਂ (ਰੋਮੀਆਂ 6:4)। ਜਦ ਅਸੀਂ ਇੰਜੀਲ ਵਿਚ ਪਾਈ ਜਾਣ ਵਾਲੀ ਸਿੱਖਿਆ ਨੂੰ ਉਸੇ ਰੂਪ ਵਿਚ ਦਿਲੋਂ ਮੰਨ ਲੈਂਦੇ ਹਾਂ (ਰੋਮੀਆਂ 6:17, 18) ਤਾਂ ਸਾਡਾ ਪੁਰਾਣਾ ਮਨੁੱਖ ਮਸੀਹ ਦੇ ਨਾਲ ''ਸਲੀਬ ਤੇ ਚੜ੍ਹਾ ਦਿੱਤਾ ਜਾਂਦਾ'' ਹੈ। ਖ਼ੁਦਾ ਨੇ ਇਹ ਯੋਜਨਾ ਬਣਾਈ ਸੀ ''ਭਈ ਪਾਪ ਦਾ ਸਰੀਰ ਨਸ਼ਟ ਹੋ ਜਾਵੇ ਤਾਂ ਅਗਾਹਾਂ ਨੂੰ ਅਸੀਂ ਪਾਪ ਦੀ ਗੁਲਾਮੀ ਨਾ ਕਰੀਏ'' (ਰੋਮੀਆਂ 6:6)।

ਸਾਡਾ ਵਿਸ਼ਵਾਸ ਮਸੀਹ ਦੇ ਪਰਗਟ ਵਚਨ ਨੂੰ ਸਿੱਖ ਕੇ ਹੋਣਾ ਚਾਹੀਦਾ ਹੈ (ਰੋਮੀਆਂ 10:17) ਯਿਸੂ ਨੇ ਕਿਹਾ ਸੀ ਕਿ ਸਾਨੂੰ ਨਬੀਆਂ ਦੇ ਵਚਨ ਦੇ ਰਾਹੀਂ ਉਸ 'ਤੇ ਵਿਸ਼ਵਾਸ ਆਉਂਦਾ ਹੈ (ਯੂਹੰਨਾ 17:20)। ਇਸ ਦੀ ਇਕ ਮਿਸਾਲ ਭਲੇ ਮਨ ਵਾਲੇ ਬਰੀਆ ਦੇ ਲੋਕ ਹਨ ਜਿਨ੍ਹਾਂ ਨੇ ''ਦਿਲ ਦੀ ਵੱਡੀ ਚਾਹ ਨਾਲ ਵਚਨ ਨੂੰ ਮੰਨ ਲਿਆ ਅਤੇ ਰੋਜ਼ ਲਿਖਤਾਂ ਵਿਚ ਭਾਲ ਕਰਦੇ ਰਹੇ ਕਿ ਇਹ ਗੱਲਾਂ ਇਸੇ ਤਰ੍ਹਾਂ ਹਨ ਕਿ ਨਹੀਂ। ਇਸ ਲਈ ਬਹੁਤੇ ਉਨ੍ਹਾਂ ਵਿੱਚੋਂ ਅਤੇ ਯੂਨਾਨੀ ਪਤਵੰਤ ਇਸਤਰੀਆਂ ਅਤੇ ਪੁਰਖਾਂ ਵਿੱਚੋਂ ਵੀ ਢੇਰ ਸਾਰਿਆਂ ਨੇ ਨਿਹਚਾ ਕੀਤੀ'' (ਰਸੂਲਾਂ ਦੇ ਕੰਮ 17:11, 12)।

### ਮਸੀਹ ਵਿਚ ਨਵਾਂ ਸ਼ਖਸ

ਮਸੀਹ ਵਿਚ ਬਪਤਿਸਮਾ ਲੈਣ ਨਾਲ (ਰੋਮੀਆਂ 6:3; ਗਲਾਤੀਆਂ 3:27) ਅਸੀਂ ਉਸ ਵਿਚ ਨਵੇਂ ਲੋਕ ਬਣਦੇ ਹਾਂ (2 ਕੁਰਿੰਥੀਆਂ 5:17)। ਜੋ ਲੋਕ ਮਸੀਹ ਵਿਚ ਹਨ ਉਹ ਮਸੀਹ ਦੀ ਇਕ ਦੇਹ ਹਨ (ਅਫ਼ਸੀਆਂ 1:22, 23; ਕੁਲੱਸੀਆਂ 1:18, 24)। ਬਪਤਿਸਮਾ ਸਾਨੂੰ ਮਸੀਹ ਦੀ ਉਸ ਇਕ ਦੇਹ ਦਾ ਅੰਗ ਬਣਾ ਦਿੰਦਾ ਹੈ (1 ਕੁਰਿੰਥੀਆਂ 12:13, 27)।

ਜਦ ਤਕ ਅਸੀਂ ਜਲ ਅਤੇ ਆਤਮਾ ਨਾਲ ਨਵੇਂ ਸਿਰਿਓਂ ਪੈਦਾ ਨਹੀਂ ਹੁੰਦੇ ਤਦ ਤਕ ਅਸੀਂ ਖ਼ੁਦਾ ਦੇ ਰਾਜ ਵਿਚ ਵੜ ਨਹੀਂ ਸਕਦੇ (ਯੂਹੰਨਾ 3:5)। ਨਵੇਂ ਸਿਰਿਓਂ ਪੈਦਾ ਹੋਏ ਲੋਕ ''ਪਲੌਠੇ'' ਹਨ ਜਿਨ੍ਹਾਂ ਨਾਲ ਕਲੀਸੀਆ (ਇਬਰਾਨੀਆਂ 12:23) ਅਰਥਾਤ ਮਸੀਹ ਦੀ ਦੇਹ (ਅਫ਼ਸੀਆਂ 1:22, 23; ਕੁਲੁੱਸੀਆਂ 1:18, 24) ਬਣਦੀ ਹੈ। ਉਹ ਮਸੀਹ ਦੇ ਰਾਜ ਦੇ ਲੋਕ ਹਨ (ਅਫ਼ਸੀਆਂ 2:19; ਕੁਲੁੱਸੀਆਂ 1:13)। ਇਹ ਨਵੀਂ ਸ੍ਰਿਸ਼ਟ ਮਸੀਹ ਦੀ ਉਹ ਕਲੀਸੀਆ ਬਣਦੇ ਹਨ ਜਿਸ ਨੂੰ ਮਸੀਹ ਨੇ ਬਣਾਇਆ (ਮੱਤੀ 16:18) ਅਤੇ ਜੋ ਉਹਦੇ ਅੱਗੇ

ਆਪਣੇ ਆਪ ਨੂੰ ਦੇ ਦਿੰਦੀ ਹੈ (ਅਫ਼ਸੀਆਂ 5:24)। ਮਸੀਹ ਇਸ ਕਲੀਸੀਆ ਦੇ ਲੋਕਾਂ ਨੂੰ ਪਿਆਰ ਕਰਦਾ ਹੈ (ਅਫ਼ਸੀਆਂ 5:25) ਅਤੇ ਉਨ੍ਹਾਂ ਨੂੰ ਇਕ ਦਿਨ ਉਹਦੇ ਸਾਹਮਣੇ ਪੇਸ਼ ਕੀਤਾ ਜਾਵੇਗਾ। ਉਸ ਨੇ ਉਨ੍ਹਾਂ ਨੂੰ ਬਿਨਾ ਦਾਗ਼ ਜਾਂ ਝੁਰੜੀ ਜਾਂ ਕਿਸੇ ਅਜਿਹੀ ਚੀਜ਼ ਦੇ ਬਣਾਇਆ ਹੈ, ਤਾਂ ਜੋ ਉਹ ਉਹਦੇ ਲਹੂ ਦੀ ਸ਼ਕਤੀ ਦੇ ਰਾਹੀਂ (ਵੇਖੋ ਕੁਲੁੱਸੀਆਂ 1:20) ਪਵਿੱਤਰ ਅਤੇ ਨਿਰਦੋਸ਼ ਹੋਣ (ਅਫ਼ਸੀਆਂ 5:27)।

## ਸਾਰ

ਮਸੀਹ ਦੇ ਨਵੇਂ ਨੇਮ ਅਧੀਨ ਪਾਪਾਂ ਦੀ ਮਾਫ਼ੀ ਪਾਉਣ ਦੀਆਂ ਸ਼ਰਤਾਂ ਮੂਸਾ ਦੇ ਰਾਹੀਂ ਦਿੱਤੀ ਸ਼ਰ੍ਹਾ ਵਿਚ ਦਿੱਤੀਆਂ ਸ਼ਰਤਾਂ ਨਾਲੋਂ ਫ਼ਰਕ ਹਨ। ਇਸਰਾਏਲੀਆਂ ਨੇ ਆਪਣੀ ਮਾਫ਼ੀ ਦੀ ਸੰਕੇਤਕ ਕੁਰਬਾਨੀ ਵਜੋਂ ਜਾਨਵਰਾਂ ਦੇ ਲਹੂ ਦੀ ਵਰਤੋਂ ਕਰਨੀ ਸੀ, ਪਰ ਉਨ੍ਹਾਂ ਨੇ ਪਾਪਾਂ ਦੀ ਮਾਫ਼ੀ ਯਿਸੂ ਦੇ ਲਹੂ ਰਾਹੀਂ ਹੀ ਹੁੰਦੀ ਹੈ। ਇਸੇ ਤਰ੍ਹਾਂ ਯਿਸੂ ਦਾ ਲਹੂ ਉਨ੍ਹਾਂ ਨੂੰ ਮਾਫ਼ ਕਰਦਾ ਹੈ ਜੋ ਉਸ ਦੇ ਲਹੂ ਵਿਚ ਵਿਸ਼ਵਾਸ ਰੱਖ ਕੇ ਅੱਜ ਦੇ ਲੋਕਾਂ ਲਈ ਦਿੱਤੀਆਂ ਉਹਦੀਆਂ ਸ਼ਰਤਾਂ ਨੂੰ ਮੰਨਣ ਨਾਲ ਮਸੀਹੀ ਬਣਦੇ ਹਨ।

ਇਨ੍ਹਾਂ ਸ਼ਰਤਾਂ ਨੂੰ ਪੂਰੀਆਂ ਕਰਨ ਲਈ, ਸਾਡੇ ਲਈ ਆਪਣੇ ਪਾਪ ਭਰੀ ਜ਼ਿੰਦਗੀ ਨੂੰ ਬਦਲਣ ਅਤੇ ਯਿਸੂ ਲਈ ਜੀਣ, ਉਸ ਵਿਚ ਆਪਣੇ ਵਿਸ਼ਵਾਸ ਦਾ ਇਕਰਾਰ ਅਤੇ ਬਪਤਿਸਮੇ ਵਿਚ ਉਹਦੇ ਨਾਲ ਦਫ਼ਨਾਇਆ ਜਾਣਾ ਜ਼ਰੂਰੀ ਹੈ (ਰਸੂਲਾਂ ਦੇ ਕੰਮ 2:38; ਕੁਲੁੱਸੀਆਂ 2:12)। ਉਹਦੇ ਲਹੂ ਦੇ ਰਾਹੀਂ ਮਿਲੀ ਮਾਫ਼ੀ ਮਸੀਹੀ ਬਣਨ ਦੇ ਬਾਅਦ ਵੀ ਜਾਰੀ ਰਹਿੰਦੀ ਹੈ ਜੇ ਅਸੀਂ ਰੌਸ਼ਨੀ ਵਿਚ ਚੱਲੀਏ ਅਤੇ ਆਪਣੇ ਪਾਪਾਂ ਨੂੰ ਮੰਨੀਏ (ਰਸੂਲਾਂ ਦੇ ਕੰਮ 8:22; 1 ਯੂਹੰਨਾ 11:7-9)। ਨਵੇਂ ਨੇਮ ਦੇ ਅਧੀਨ ਮਾਫ਼ੀ ਦਾ ਹੋਰ ਕੋਈ ਤਰੀਕਾ ਨਹੀਂ ਦਿੱਤਾ ਗਿਆ।

---

ਟਿੱਪਣੀਆਂ

[1]ਰੌਬਰਟ ਲੋਅਰੀ, ''ਨਥਿੰਗ ਬਟ ਦ ਬਲੱਡ ਆਫ਼ ਜੀਜ਼ਸ,'' *ਸੌਂਗਸ ਆਫ਼ ਫ਼ੇਥ ਐਂਡ ਪ੍ਰੇਜ਼,* ਸੰਕ. ਅਤੇ ਸੰਪਾ. ਆਲਟਨ ਐੱਚ. ਹੌਵਰਡ (ਵੈਸਟ ਮੋਨੇਰ, ਲੁਇਮਿਆਨਾ: ਹੌਵਰਡ ਪਬਲਿਸ਼ਿੰਗ ਕੰ., 1994) ਦਾ ਹਿੰਦੀ ਅਨੁਵਾਦ-ਅਨੁਵਾਦਕ।